ਪੰਜਾਬੀ—104

XII (ਬਾਰ੍ਹਵੀਂ)

# ਉੱਤਰ ਕੁੰਜੀ—ਨਮੂਨੇ ਦਾ ਪ੍ਰਸ਼ਨ-ਪੱਤਰ

## ਟਰਮ II ਪਰੀਖਿਆ ਲਈ

(ਮਾਰਚ-ਅਪ੍ਰੈਲ 2022)

M.M. 40

## I. ਪ੍ਰਭਾਵਸ਼ਾਲੀ ਲਿਖਣ-ਕੌਸ਼ਲ 8+10=18

(1) ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਭਾਰਤ ਜੀਵਨ ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ।

| | |
|---|---|
| ਆਰੰਭਲਾ ਭਾਗ | 3 ਅੰਕ |
| ਵਿਚਕਾਰਲਾ ਭਾਗ | 4 ਅੰਕ |
| ਅੰਤਲਾ ਭਾਗ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

ਜਾਂ

ਆਪਣੇ ਜ਼ਿਲ੍ਹੇ ਦੇ ਆਮਦਨ-ਕਰ ਅਧਿਕਾਰੀ ਨੂੰ ਪੱਤਰ ਲਿਖੋ, ਜਿਸ ਵਿੱਚ ਤੁਹਾਡੇ ਵੱਲੋਂ ਵੱਧ ਜਮ੍ਹਾ ਕਰਵਾਇਆ ਗਿਆ ਟੈਕਸ-ਵਾਪਸ ਕਰਨ ਲਈ ਬੇਨਤੀ ਕੀਤੀ ਗਈ ਹੋਵੇ। 8

| | |
|---|---|
| ਆਰੰਭਲਾ ਭਾਗ | 3 ਅੰਕ |
| ਵਿਚਕਾਰਲਾ ਭਾਗ | 4 ਅੰਕ |
| ਅੰਤਲਾ ਭਾਗ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

(2) ਦਿਤੇ ਗਏ **ਕਿਸੇ ਇੱਕ** ਵਿਸ਼ੇ 'ਤੇ ਪੈਰਾ-ਰਚਨਾ ਕਰੋ। (125 ਤੋਂ 150 **ਸ਼ਬਦ**) 10

### ਡਿਕਸ਼ਨਰੀ ਦੀ ਵਰਤੋਂ

| | |
|---|---|
| ਵਿਸ਼ੇ ਦੀ ਪੇਸ਼ਕਾਰੀ | 3 ਅੰਕ |
| ਵਿਸ਼ੇ ਦਾ ਗਿਆਨ | 4 ਅੰਕ |
| ਸ਼ਬਦ ਚੋਣ | 2 ਅੰਕ |
| ਸ਼ਬਦ-ਜੋੜ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

ਜਾਂ

## ਨੈਤਿਕ ਕਦਰਾਂ-ਕੀਮਤਾਂ

| | |
|---|---|
| ਵਿਸ਼ੇ ਦੀ ਪੇਸ਼ਕਾਰੀ | 3 ਅੰਕ |
| ਵਿਸ਼ੇ ਦਾ ਗਿਆਨ | 4 ਅੰਕ |
| ਸ਼ਬਦ ਚੋਣ | 2 ਅੰਕ |
| ਸ਼ਬਦ-ਜੋੜ | 1 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

## II. ਅਡਵਾਂਸ ਪੜ੍ਹਨ-ਕੌਸ਼ਲ 8

(3) ਹੇਠ ਦਿੱਤੇ ਗਏ **ਕਿਸੇ ਇੱਕ** ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਉਸ ਦਾ ਸਿਰਲੇਖ ਵੀ ਲਿਖੋ।

| | |
|---|---|
| ਸਿਰਲੇਖ | 1 ਅੰਕ |
| ਸੰਖੇਪ ਰਚਨਾ | 7 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

**ਜਾਂ**

| | |
|---|---|
| ਸਿਰਲੇਖ | 1 ਅੰਕ |
| ਸੰਖੇਪ ਰਚਨਾ | 7 ਅੰਕ |

(ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ।

## III. ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ, ਚੋਣ ਅਧਾਰਿਤ) 14

**ਕਵਿਤਾਵਾਂ ਵਿੱਚੋਂ** (**ਕਿਸੇ ਦੋ** ਪ੍ਰਸ਼ਨਾਂ ਦੇ **ਉੱਤਰ** 20-25 **ਸ਼ਬਦਾਂ** ਵਿੱਚ ਲਿਖੋ) (2X2)4

(4)

**ਉੱਤਰ** — ਇਸ ਤੁਕ ਵਿੱਚ ਕਵੀ ਨੇ ਮਾਤਾ ਗੁਜਰੀ ਜੀ ਵੱਲੋਂ ਆਪਣੇ ਵੱਡੇ ਪੋਤਰਿਆਂ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਯਾਦ ਕਰਦਿਆਂ ਉਹਨਾਂ ਦੇ ਜੰਗ ਦੇ ਮੈਦਾਨ ਵਿੱਚੋਂ ਵਾਪਸ ਆਉਣ ਦੀ ਉਡੀਕ ਨੂੰ ਪੇਸ਼ ਕੀਤਾ ਹੈ।

(5)

**ਉੱਤਰ** — '**ਲਹੂ ਭਿੱਜੀ ਘੋੜੀ ਭੁੱਬਾਂ ਮਾਰਨ** ਤੋਂ ਕਵੀ ਨੇ ਇਹ ਭਾਵ ਦਰਸਾਇਆ ਹੈ ਕਿ ਦੋਨੋਂ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਸਨ ਤੇ ਜ਼ਖ਼ਮੀ ਘੋੜੀ ਆਪਣੇ ਬਹਾਦਰ ਸਵਾਰਾਂ ਨੂੰ ਵਾਪਸ ਨਾ ਲਿਆਉਣ ਕਰਕੇ ਭੁੱਬਾਂ ਮਾਰ ਕੇ ਰੋਂਦੀ ਹੈ।

(6)

**ਉੱਤਰ** — ਇਸ ਕਵਿਤਾ ਵਿੱਚ ਮਾਂ ਆਪਣੇ ਬੱਚੇ ਦੇ ਗੁਆਚ ਚੁੱਕੇ ਬਚਪਨ ਦਾ ਕਾਰਨ ਆਪਣੇ ਪਤੀ ਦੀ ਮੌਤ ਨੂੰ ਸਮਝਦੀ ਹੈ ਤੇ ਉਹ ਕੁਰਲਾ ਕੇ ਆਪਣੇ ਪੁੱਤਰ ਨੂੰ ਕਹਿੰਦੀ ਹੈ ਕਿ ਮੈਂ ਤੇਰਾ ਬਚਪਨ ਉਸ ਸਮੇਂ ਆਪਣੇ ਹੱਥੀਂ ਜਲਾ ਦਿੱਤਾ ਜਦੋਂ ਤੇਰੇ ਪਿਤਾ ਦੀ ਚਿਤਾ ਜਲਾਈ ਸੀ।

(7)

**ਉੱਤਰ —** ਕਵੀ ਆਪਣੀ ਮਾਂ ਬਾਰੇ ਭਾਵ ਪੇਸ਼ ਕਰਦਾ ਹੋਇਆ ਕਹਿੰਦਾ ਹੈ ਕਿ ਮੈਂ ਆਪਣੀ ਮਾਂ ਦਾ ਇਕਲੌਤਾ ਸਹਾਰਾ ਹਾਂ, ਉਸ ਦਾ ਪਰਛਾਵਾਂ ਹਾਂ। ਮੇਰੀ ਮਾਂ ਨੇ ਬਹੁਤ ਦੁੱਖ ਸਹਿ ਕੇ ਮੈਨੂੰ ਪਾਲ਼ਿਆ ਹੈ। ਮੈਂ ਉਸ ਨੂੰ ਕਦੇ ਖ਼ੁਸ਼ ਨਹੀਂ ਦੇਖਿਆ। ਉਸ ਦੇ ਨੈਣ ਹਮੇਸ਼ਾ ਹੰਝੂਆਂ ਨਾਲ਼ ਭਰੇ ਰਹਿੰਦੇ ਹਨ।

**ਕਹਾਣੀ ਵਿੱਚੋਂ** (**ਕਿਸੇ ਇੱਕ** ਪ੍ਰਸ਼ਨ ਦਾ ਉੱਤਰ 30-35 **ਸ਼ਬਦਾਂ** ਵਿੱਚ ਲਿਖੋ) (4X1)4

(8)

**ਉੱਤਰ —** ਲੇਖਕ ਦੀ ਪਤਨੀ ਸਬਜ਼ੀ ਮੰਡੀ ਤੋਂ ਦੋ ਰੁਪਏ ਵਿੱਚ ਰਿਕਸ਼ਾ ਕਰਕੇ ਘਰ ਆਈ ਸੀ ਪਰ ਰਿਕਸ਼ੇ ਵਾਲ਼ਾ ਸਫ਼ਰ ਜ਼ਿਆਦਾ ਹੋਣ ਦਾ ਕਹਿ ਕੇ ਤਿੰਨ ਰੁਪਈਏ ਮੰਗਦਾ ਹੈ ਤਾਂ ਉਹ ਉਸ ਨੂੰ ਢਾਈ ਰੁਪਈਏ ਦੇ ਦਿੰਦੀ ਹੈ ਪਰ ਰਿਕਸ਼ਾ ਵਾਲ਼ਾ ਤਿੰਨ ਰੁਪਈਏ ਲੈਣ ਦੀ ਜ਼ਿੱਦ ਕਰਦਾ ਹੈ ਤੇ ਪੈਸੇ ਵਗਾਹ ਕੇ ਮਾਰਦਾ ਏ। ਲੇਖਕ ਨੂੰ ਗੁੱਸਾ ਆ ਜਾਂਦਾ ਹੈ ਤੇ ਉਹ ਉਸ ਨੂੰ ਮਾਰਨ ਲੱਗਦਾ ਹੈ ਪਰ ਉਸ ਦੀ ਪਤਨੀ ਉਸ ਨੂੰ ਰੋਕ ਲੈਂਦੀ ਹੈ। ਗ਼ਰੀਬ ਆਦਮੀ ਨੂੰ ਪੈਸੇ ਦੇਣ ਲਈ ਉਹ ਬੇਚੈਨ ਹੋ ਕੇ ਅੰਦਰ ਬਾਹਰ ਆਂਦੀ ਜਾਂਦੀ ਲੇਖਕ ਨੂੰ ਕਈ ਉਦਾਹਰਨਾਂ ਦੇ ਕੇ ਅਸਿੱਧੇ ਢੰਗ ਨਾਲ਼ ਰਿਕਸ਼ੇ ਵਾਲੇ ਨੂੰ ਪੂਰੇ ਪੈਸੇ ਦੇਣਾ ਚਾਹੁੰਦੀ ਹੈ।

(9)

**ਉੱਤਰ —** ਲੇਖਕ ਦੇ ਰਿਕਸ਼ੇ ਵਾਲੇ ਬਾਰੇ ਕੋਈ ਵਧੀਆ ਵਿਚਾਰ ਨਹੀਂ ਹਨ। ਉਸ ਦੀਆਂ ਨਜ਼ਰਾਂ ਵਿੱਚ ਰਿਕਸ਼ੇ ਵਾਲ਼ਾ ਆਪਣੀ ਦਿੱਖ ਤੋਂ ਇੱਕ ਜ਼ਰਾਇਮ-ਪੇਸ਼ਾ ਲੱਗਦਾ ਸੀ। ਉਸ ਨੂੰ ਲੱਗਦਾ ਹੈ ਕਿ ਉਸ ਦੀਆਂ ਭੁੱਖੀਆਂ-ਭੁੱਖੀਆਂ ਨਜ਼ਰਾਂ ਇਸ ਤਰ੍ਹਾਂ ਹੈਰਾਨੀ ਨਾਲ ਵੇਖਦੀਆਂ ਸਨ, ਜਿਵੇਂ ਕੁਝ ਚੰਗਾ ਵੇਖਿਆ ਹੀ ਨਹੀਂ ਹੁੰਦਾ। ਜਦੋਂ ਇੱਕ ਹੋਰ ਰਿਕਸ਼ੇ ਵਾਲਾ ਉਸ ਰਿਕਸ਼ੇ ਵਾਲ਼ੇ ਕੋਲ ਆ ਕੇ ਖੜ੍ਹੋ ਜਾਂਦਾ ਹੈ, ਉਦੋਂ ਲੇਖਕ ਨੂੰ ਲੱਗਦਾ ਹੈ ਕਿ ਹੁਣ ਉਹ ਰਿਕਸ਼ੇ ਵਾਲੇ ਇਕੱਠੇ ਕਰਕੇ, ਉਸ ਨਾਲ਼ ਝਗੜਾ ਕਰੇਗਾ।

**ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ** (**ਕਿਸੇ ਦੋ** ਪ੍ਰਸ਼ਨਾਂ ਦੇ **ਉੱਤਰ** 25-30 **ਸ਼ਬਦਾਂ** ਵਿੱਚ ਲਿਖੋ) (3X2)6

(10)

**ਉੱਤਰ —** ਬਹੁਤੇ ਸੰਸਕਾਰ ਅਗਨੀ, ਪਾਣੀ, ਲੋਹੇ, ਅਨਾਜ ਅਤੇ ਬਿਰਖ਼ਾਂ ਦੀਆਂ ਟਾਹਣੀਆਂ ਰਾਹੀਂ ਨੇਪਰੇ ਚਾੜ੍ਹੇ ਜਾਂਦੇ ਰਹੇ ਹਨ। ਅਗਨੀ ਚਾਨਣ ਦਾ ਚਿੰਨ੍ਹ ਹੈ, ਪਾਣੀ ਸ਼ੁੱਧਤਾ ਦਾ, ਲੋਹਾ ਬਚਾਅ ਦਾ, ਅਨਾਜ ਚੜ੍ਹਾਵੇ ਦਾ ਅਤੇ ਬਿਰਖ਼ ਦੀ ਟਾਹਣੀ ਜਾਂ ਹਰੀ ਘਾਹ ਜਿਸ ਨੂੰ 'ਦੱਭ' ਵੀ ਕਹਿੰਦੇ ਹਨ ਚੰਗੇ ਸ਼ਗਨਾਂ ਦਾ ਸੂਚਕ ਮੰਨਿਆ ਜਾਂਦਾ ਹੈ।

(11)

ਉੱਤਰ — ਜਦ ਵਿਆਹ ਵਿੱਚ ਥੋੜ੍ਹੇ ਦਿਨ ਰਹਿ ਜਾਣ ਤਾਂ ਕੁੜੀ ਵਾਲ਼ੇ 'ਸਾਹੇ ਦੀ ਚਿੱਠੀ' ਜਾਂ 'ਲਗਨ' ਲਿਆਉਂਦੇ ਹਨ। ਚਿੱਠੀ ਨੂੰ ਦੱਭ, ਚੌਲ਼, ਹਲਦੀ, ਖੰਮ੍ਹਣੀ ਆਦਿ ਵਿੱਚ ਲਪੇਟ ਕੇ ਪੰਡਤ ਜਾਂ ਵਿਚੋਲੇ ਆਦਿ ਦੇ ਹੱਥ ਮੁੰਡੇ ਵਾਲ਼ਿਆਂ ਨੂੰ ਭੇਜਿਆ ਜਾਂਦਾ ਹੈ।

(12)

**ਉੱਤਰ —** ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। ਕੁਦਰਤ ਨੇ ਹਰ ਪ੍ਰਾਣੀ ਵਿੱਚ ਖੇਡਣ ਦਾ ਗੁਣ ਭਰਿਆ ਹੈ।

ਆਪਣੇ ਜੁੱਸੇ, ਵਿੱਤ ਤੇ ਸੁਭਾਅ ਅਨੁਸਾਰ ਉਸ ਨੇ ਆਪੋ-ਆਪਣੀਆਂ ਖੇਡਾਂ ਦੀ ਸਿਰਜਣਾ ਕੀਤੀ ਹੈ। ਇਹ ਮਨੁੱਖ ਦੇ ਸਰਬ-ਪੱਖੀ ਵਿਕਾਸ ਦਾ ਮਹੱਤਵਪੂਰਨ ਸਰੋਤ ਹਨ। ਬੱਚੇ ਦੇ ਜਨਮ ਲੈਣ ਨਾਲ਼ ਬੱਚੇ ਦੀ ਖੇਡ-ਪ੍ਰਕਿਰਿਆ ਅਰੰਭ ਹੋ ਜਾਂਦੀ ਹੈ।

(13)

**ਉੱਤਰ — ਸੌਂਚੀ ਪੱਕੀ —** ਸੌਂਚੀ ਪੱਕੀ ਪੰਜਾਬੀ ਜੁਆਨਾਂ ਦੀ ਮਨਪਸੰਦ ਖੇਡ ਰਹੀ ਹੈ। ਮੇਲਿਆਂ-ਮੁਸਾਹਵਿਆਂ 'ਤੇ ਆਮ ਕਰਕੇ ਅਤੇ ਛਪਾਰ ਦੇ ਮੇਲੇ 'ਤੇ ਖ਼ਾਸ ਕਰਕੇ ਸੌਂਚੀ ਪੱਕੀ ਦੇ ਮੁਕਾਬਲੇ ਹੋਇਆ ਕਰਦੇ ਸਨ ਜਿਨ੍ਹਾਂ ਨੂੰ ਦਰਸ਼ਕ ਬੜੇ ਉਤਸ਼ਾਹ ਨਾਲ਼ ਵੇਖ ਕੇ ਅਨੰਦ ਮਾਣਦੇ ਸਨ। ਇਸ ਖੇਡ ਰਾਹੀਂ ਗੱਭਰੂ ਆਪਣੇ ਸਰੀਰਿਕ ਬਲ ਦਾ ਪ੍ਰਗਟਾਵਾ ਕਰਦੇ ਸਨ। ਇਹ ਖੇਡ ਕਿਸੇ ਹੱਦ ਤੱਕ ਬੌਕਸਿੰਗ ਨਾਲ਼ ਮਿਲ਼ਦੀ-ਜੁਲਦੀ ਖੇਡ ਹੈ।

**ਕਬੱਡੀ —** ਕਬੱਡੀ ਪੰਜਾਬੀਆਂ ਦੀ ਰਾਸ਼ਟਰੀ ਖੇਡ ਹੈ ਜਿਸ ਰਾਹੀਂ ਇਹਨਾਂ ਦੇ ਸੁਭਾਅ ਅਤੇ ਉਹਨਾਂ ਦੇ ਸਰੀਰਿਕ ਬਲ ਦਾ ਪ੍ਰਗਟਾਵਾ ਹੁੰਦਾ ਹੈ। ਲੰਬੀ-ਕੌਡੀ, ਗੂੰਗੀ ਕੌਡੀ ਅਤੇ ਸੌਂਚੀ ਪੱਕੀ ਆਦਿ ਕਬੱਡੀ ਦੀਆਂ ਕਿਸਮਾਂ ਬੜੀਆਂ ਹਰਮਨ-ਪਿਆਰੀਆਂ ਰਹੀਆਂ ਹਨ। ਅੱਜ-ਕੱਲ੍ਹ ਇਹ ਕੌਡੀਆਂ ਖੇਡੀਆਂ ਨਹੀਂ ਜਾਂਦੀਆਂ ਇਹਨਾਂ ਦੀ ਥਾਂ ਨੈਸ਼ਨਲ ਸਟਾਈਲ ਕਬੱਡੀ ਨੇ ਲੈ ਲਈ ਹੈ।

**ਖਿੱਦੋ-ਕੂੰਡੀ —** 'ਖਿੱਦੋ-ਕੂੰਡੀ' ਬੜੀ ਰੌਚਕ ਖੇਡ ਰਹੀ ਹੈ। ਲੀਰਾਂ ਦੀਆਂ ਖਿੱਦੋਆਂ ਅਤੇ ਕਿੱਕਰਾਂ-ਬੇਰੀਆਂ ਦੇ ਖੂੰਡਿਆਂ ਨਾਲ ਇਹ ਖੇਡਾਂ ਖੇਡੀਆਂ ਜਾਂਦੀਆਂ ਸਨ। ਖਿੱਦੋ-ਖੂੰਡੀ ਦੀ ਥਾਂ ਹੁਣ ਹਾਕੀ ਨੇ ਮੱਲ ਲਈ ਹੈ।